## ਪਾਠ-26 ਜਮਾਤ-ਛੇਵੀਂ

## ਫੁੱਲਾਂ ਦਾ ਸੁਨੇਹਾ (ਕਵਿਤਾ) ਸ੍ਰੀ ਤੇਰਾ ਸਿੰਘ ਚੰਨ

(ਤਿਆਰ ਕਰਤਾ:ਸ.ਜਸਪਾਲ ਸਿੰਘ,ਪੰਜਾਬੀ ਮਾਸਟਰ,ਸਰਕਾਰੀ ਹਾਈ ਸਕੂਲ ਧਰਮਕੋਟ ਬੱਗਾ ਜ਼ਿਲ੍ਹਾ ਗੁਰਦਾਸਪੁਰ। 9417606006)

1 ਪ੍ਰਸ਼ਨ:-ਤਿਤਲੀ ਨੇ ਆਪਣੇ ਰੰਗ ਕਿਸ ਤੋਂ ਲਏ ਹਨ ਅਤੇ ਉਸ ਦੇ ਦਿਲ ਦੀ ਕੀ ਉਮੰਗ ਹੈ ?

ਉੱਤਰ:- ਤਿਤਲੀ ਨੇ ਆਪਣੇ ਰੰਗ ਫੁੱਲਾਂ ਤੋਂ ਲਏ ਹਨ ਅਤੇ ਉਸ ਦੇ ਦਿਲ ਦੀ ਇਹ ਉਮੰਗ ਹੈ ਕਿ ਫੁੱਲ ਹਮੇਸ਼ਾਂ ਖਿੜ੍ਹੇ ਰਹਿਣ।

2 ਪ੍ਰਸ਼ਨ:- ਭੌਰਾ ਫੁੱਲਾਂ ਨੂੰ ਕੀ ਸੁਣਾਉਂਦਾ ਹੈ ?

ਉੱਤਰ:- ਭੌਰਾ ਫੁੱਲਾਂ ਨੂੰ ਦਿਲ ਦੀ ਤਾਰ ਛੇੜ ਕੇ ਰਾਗ ਸੁਣਾਉਂਦਾ ਹੈ।

3 ਪ੍ਰਸ਼ਨ:- ਜੋ ਜਾਗਦੇ ਹਨ,ਉਹਨਾਂ ਨੂੰ ਕਿਹੜੀ ਚੀਜ਼ ਪ੍ਰਾਪਤ ਹੁੰਦੀ ਹੈ ?

ਉੱਤਰ:- ਜੋ ਜਾਗਦੇ ਹਨ,ਉਹ ਆਪਣੀ ਮਨਚਾਹੀ ਮੰਜ਼ਲ ਪ੍ਰਾਪਤ ਕਰਦੇ ਹਨ।

4 ਪ੍ਰਸ਼ਨ:- ਫੁੱਲ ਤਿਤਲੀ ਅਤੇ ਭੌਰੇ ਨੂੰ ਕੀ ਸੁਨੇਹਾ ਦਿੰਦਾ ਹੈ ?

ਉੱਤਰ:- ਫੁੱਲ,ਤਿਤਲੀ ਅਤੇ ਭੌਰੇ ਨੂੰ ਆਪਸ ਵਿੱਚ ਪਿਆਰ ਨਾਲ ਰਹਿਣ ਅਤੇ ਖ਼ੁਸ਼ੀਆਂ-ਖੇੜ੍ਹੇ ਵੰਡਣ ਦਾ ਸੁਨੇਹਾ ਦਿੰਦਾ ਹੈ ।

### ਵਾਕਾਂ ਵਿੱਚ ਵਰਤੋ :

- ਸੁੰਦਰ (ਸੋਹਣਾ, ਖ਼ੂਬਸੂਰਤ):- ਮੇਰਾ ਸਕੂਲ ਬਹੁਤ ਸੁੰਦਰ ਹੈ।
- ਸੰਸਾਰ (ਜਗਤ,ਜਹਾਨ,ਦੁਨੀਆ):- ਸੰਸਾਰ ਦੁੱਖਾਂ-ਸੁੱਖਾਂ ਦਾ ਘਰ ਹੈ।
- ਮਿੱਤਰ (ਸਾਥੀ,ਯਾਰ,ਬੇਲੀ):- ਸਾਹਿਲ ਮੇਰਾ ਪੱਕਾ ਮਿੱਤਰ ਹੈ।
- ਭੰਡਾਰ (ਗੁਦਾਮ,ਜ਼ਖੀਰਾ):- ਪੰਜਾਬ ਰਾਜ ਵਿੱਚ ਅਨਾਜ ਦੇ ਭੰਡਾਰ ਹਮੇਸ਼ਾਂ ਭਰੇ ਰਹਿੰਦੇ ਹਨ।
- ਵਚਨ (ਵਾਅਦਾ,ਕੌਲ,ਇਕਰਾਰ):- ਮੈਂ ਪ੍ਰੀਤਮ ਨੂੰ ਵਿਆਹ ਵਿੱਚ ਉਸਦੀ ਮਦਦ ਕਰਨ ਦਾ ਵਚਨ ਦਿੱਤਾ।